ਵਿਸ਼ਵਾਸਪਾਤ

# ਪੰਜਾਬੀ ਯੂਨੀਵਰਸਿਟੀ, ਪਟਿਆਲਾ

**(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)**

**ਕਾਲਜ ਸੈਕਸ਼ਨ**

ਨੰ. 22874-22955/ਕਾਲਜ/ਜੀ.ਸੀ-1
ਮਿਤੀ 22-11-2011

ਯੂਨੀਵਰਸਿਟੀ ਨਾਲ ਸਬੰਧਤ ਸਮੂਹ
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ।

**ਵਿਸ਼ਾ:-ਸੈਸ਼ਨ 2012-13 ਤੋਂ ਐਜੂਕੇਸ਼ਨ ਕਾਲਜਾਂ ਵਿਖੇ ਐਮ.ਏ (ਐਜੂਕੇਸ਼ਨ) ਕੋਰਸ ਸ਼ੁਰੂ ਕਰਨ ਸਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਸੈਸ਼ਨ 2012-13 ਤੋਂ ਐਜੂਕੇਸ਼ਨ ਕਾਲਜਾਂ ਵਿਖੇ ਐਮ.ਏ (ਐਜੂਕੇਸ਼ਨ) ਕੋਰਸ ਸ਼ੁਰੂ ਕਰਨ ਸਬੰਧੀ ਹੇਠ ਲਿਖੀਆਂ ਸ਼ਰਤਾਂ ਦੀ ਲੋਅ ਵਿਚ ਅਪਲਾਈ ਕਰਨ ਦੀ ਪ੍ਰਵਾਨਗੀ ਦਿੱਤੀ ਹੈ:

1. ਐਮ.ਏ (ਐਜੂਕੇਸ਼ਨ) ਸਿਰਫ ਐਜੂਕੇਸ਼ਨ ਕਾਲਜਾਂ ਵਿਖੇ ਹੀ ਸ਼ੁਰੂ ਕੀਤਾ ਜਾ ਸਕੇਗਾ।
2. ਇਹ ਕੋਰਸ ਸਿਰਫ ਉਨ੍ਹਾਂ ਐਜੂਕੇਸ਼ਨ ਕਾਲਜਾਂ ਵਿਚ ਹੀ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ ਜਿਨ੍ਹਾਂ ਕਾਲਜਾਂ ਨੂੰ ਪੱਕੀ ਸਬੰਧਤਾ ਮਿਲੀ ਹੈ ਜਾਂ ਜਿਹੜੇ ਕਾਲਜ ਘੱਟੋ-ਘੱਟ ਪੰਜ ਸਾਲ ਤੋਂ ਸਫਲਤਾਪੂਰਵਕ ਚੱਲ ਰਹੇ ਹੋਣ ਜਾਂ ਜਿਨ੍ਹਾਂ ਕਾਲਜਾਂ ਨੂੰ ਨੈਕ ਵਲੋਂ ਬੀ ਗ੍ਰੇਡ ਪ੍ਰਾਪਤ ਹੋਵੇ।
3. ਕਾਲਜ ਵਿਖੇ ਮੌਜੂਦਾ ਕਮਰਿਆਂ ਤੋਂ ਇਲਾਵਾ ਇਸ ਕੋਰਸ ਨੂੰ ਚਲਾਉਣ ਲਈ ਛੇ ਵਾਧੂ ਕਮਰੇ ਹੋਣੇ ਚਾਹੀਦੇ ਹਨ।
4. ਬੀ.ਐਡ ਕੋਰਸ ਦੀਆਂ ਕਿਤਾਬਾਂ ਤੋਂ ਇਲਾਵਾ ਉਕਤ ਕੋਰਸ ਲਈ 1000 ਕਿਤਾਬਾਂ (ਪਾਠ ਪੁਸਤਕਾਂ, ਜਰਨਲ, ਖੋਜ ਪੁਸਤਕਾਂ) ਕਾਲਜ ਲਾਇਬ੍ਰੇਰੀ ਵਿਖੇ ਉਪਲਬਧ ਹੋਣ।
5. ਇਸ ਕੋਰਸ ਵਿਚ 25 ਸੀਟਾਂ ਦਾ ਇਕ ਯੂਨਿਟ ਹੋਵੇਗਾ ਅਤੇ ਵਾਧੂ ਸੀਟਾਂ ਲਈ ਕਾਲਜ ਤਿੰਨ ਸਾਲ ਤੋਂ ਪਹਿਲਾਂ ਅਪਲਾਈ ਨਹੀਂ ਕਰੇਗਾ।
6. ਐਮ.ਏ (ਐਜੂਕੇਸ਼ਨ) ਕੋਰਸ (25 ਸੀਟਾਂ) ਲਈ ਸਬੰਧਤਾ ਪੱਤਰ ਜਾਰੀ ਕਰਨ ਤੋਂ ਪਹਿਲਾਂ ਸਬੰਧਤਾ ਫੀਸ ਵਜੋਂ 1,00,000/-ਰੁਪਏ (one time) ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਮ ਤੇ ਜਮ੍ਹਾਂ ਕਰਾਉਣਾ ਲਾਜ਼ਮੀ ਹੋਵੇਗਾ।
7. ਇਸ ਕੋਰਸ ਵਿਚ ਦਾਖਲਾ ਯੂਨੀਵਰਸਿਟੀ ਪੱਧਰ ਤੇ ਕੌਂਸਲਿੰਗ/ਐਂਟਰੈਂਸ ਟੈਸਟ ਦੇ ਆਧਾਰ ਤੇ ਹੋਵੇਗਾ ਅਤੇ ਇਸ ਕੋਰਸ ਲਈ ਫੀਸ ਵੀ ਦਾਖਲਾ ਕਮੇਟੀ ਵਲੋਂ ਹੀ ਨਿਰਧਾਰਤ ਕੀਤੀ ਜਾਵੇਗੀ।
8. ਇਸ ਕੋਰਸ ਲਈ ਘੱਟੋ-ਘੱਟ ਚਾਰ ਅਧਿਆਪਕ ਲੋੜੀਂਦੇ ਹੋਣਗੇ, ਜਿਨ੍ਹਾਂ ਵਿਚੋਂ ਦੋ ਪੀ.ਐਚ.ਡੀ ਅਤੇ ਦੋ ਨੈਟ ਪਾਸ ਹੋਣੇ ਜ਼ਰੂਰੀ ਹਨ। ਅਧਿਆਪਕਾਂ ਦੀਆਂ ਯੋਗਤਾਵਾਂ ਯੂ.ਜੀ.ਸੀ ਦੇ ਨਾਰਮਜ਼ ਅਨੁਸਾਰ ਹੀ ਹੋਣਗੀਆਂ। ਜੇਕਰ ਕਾਲਜ ਵਲੋਂ ਆਪਸ਼ਨਲ ਵਿਸ਼ੇ ਵਧਾਏ ਜਾਂਦੇ ਹਨ ਤਾਂ ਹਰੇਕ ਵਿਸ਼ੇ ਲਈ ਇਕ ਅਧਿਆਪਕ ਦੀ ਨਿਯੁਕਤੀ ਕਰਨੀ ਹੋਵੇਗੀ।
9. ਇਸ ਕੋਰਸ ਨੂੰ ਚਲਾਉਣ ਲਈ ਕਾਲਜ ਵਿਖੇ ਤਿੰਨ ਲੈਬਾਰਟਰੀਆਂ ਹੋਣੀਆਂ ਜ਼ਰੂਰੀ ਹਨ-ਇਕ ਕੰਪਿਊਟਰ ਲੈਬਾਰਟਰੀ, ਇਕ ਸਾਈਕਾਲੋਜੀ ਲੈਬਾਰਟਰੀ ਅਤੇ ਇਕ ਟੈਕਨਾਲੋਜੀ ਲੈਬਾਰਟਰੀ। ਜੇਕਰ ਕਾਲਜ ਵਲੋਂ ਲੈਂਗੂਏਜਿਜ਼ ਸਬਜੈਕਟ ਸ਼ੁਰੂ ਕੀਤਾ ਜਾਂਦਾ ਹੈ ਤਾਂ ਇਸ ਲਈ ਇਕ ਵੱਖਰੀ ਲੈਬ ਹੋਵੇਗੀ।
10. ਇਹ ਕੋਰਸ ਸਮੈਸਟਰ ਸਿਸਟਮ ਪ੍ਰਣਾਲੀ ਅਧੀਨ ਹੋਵੇਗਾ।

ਉਕਤ ਸ਼ਰਤਾਂ ਅਨੁਸਾਰ ਐਜੂਕੇਸ਼ਨ ਕਾਲਜ ਦੀ ਮੈਨੇਜਮੈਂਟ ਵਲੋਂ ਸੈਸ਼ਨ 2012-13 ਤੋਂ ਐਮ.ਏ (ਐਜੂਕੇਸ਼ਨ) ਕੋਰਸ ਸ਼ੁਰੂ ਕਰਨ ਸਬੰਧੀ 31 ਦਸੰਬਰ ਤੋਂ ਪਹਿਲਾਂ ਡੀਨ, ਕਾਲਜ ਵਿਕਾਸ ਕੌਂਸਲ ਨੂੰ ਅਪਲਾਈ ਕੀਤਾ

ਜਾ ਸਕਦਾ ਹੈ। ਇਸ ਸਬੰਧੀ 20,000/-ਰੁਪਏ ਪ੍ਰੋਸੈਸਿੰਗ ਫੀਸ ਵਜੋਂ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਮ ਤੇ ਭੇਜਣਾ ਹੋਵੇਗਾ।

ਰ,

-ਸਹੀ-

ਡੀਨ, ਕਾਲਜ ਵਿਕਾਸ ਕੌਂਸਲ